BreastScreen Victoria

**breastscreen.org.au ਉੱਤੇ ਬੁੱਕ ਕਰੋ ਜਾਂ 13 20 50 ਨੂੰ ਫੋਨ ਕਰੋ**

ਵਧੇਰੇ ਜਾਣਕਾਰੀ ਲਈ:
**breastscreen.org.au**

**13 14 50** ਉੱਤੇ ਫੋਨ ਕਰੋ ਅਤੇ BreastScreen Victoria ਨਾਲ ਜੁੜਣ ਲਈ ਕਹੋ

ਅਨੁਵਾਦ ਕੀਤੀ ਜਾਣਕਾਰੀ:
breastscreen.org.au/**translations**

**TTY 13 36 77** ਜੇ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਮੁਸ਼ਕਿਲਾਂ ਹਨ

VICTORIA State Government

BreastScreen Victoria ਵਿਕਟੋਰੀਆ ਦੀ ਸਰਕਾਰ ਦੇ ਸਹਿਯੋਗ ਨੂੰ ਸਵੀਕਾਰ ਕਰਦੀ ਹੈ।

June 2021

BR11/0621

# ਆਪਣੀ ਸਿਹਤ ਨੂੰ ਸਭ ਤੋਂ ਵੱਧ ਤਰਜੀਹ ਦਿਓ

## ਆਪਣੀਆਂ ਛਾਤੀਆਂ ਦੀ ਛਾਣਬੀਣ (ਬ੍ਰੈਸਟ ਸਕ੍ਰੀਨ) ਬੁੱਕ ਕਰੋ



**breastscreen.org.au ਉੱਤੇ ਬੁੱਕ ਕਰੋ ਜਾਂ 13 20 50 ਨੂੰ ਫੋਨ ਕਰੋ**

BreastScreen Victoria

## ਕੀ ਮੈਂ ਖਤਰੇ ਵਿੱਚ ਹਾਂ?

ਵਿਕਟੋਰੀਆ ਵਿੱਚ **7 ਵਿੱਚੋਂ 1** ਔਰਤ ਨੂੰ ਆਪਣੇ ਜੀਵਨ ਕਾਲ ਵਿੱਚ ਛਾਤੀ ਦਾ ਕੈਂਸਰ ਹੋਵੇਗਾ।



ਛਾਤੀ ਦੇ ਕੈਂਸਰ ਵਾਲੀਆਂ ਜ਼ਿਆਦਾਤਰ ਔਰਤਾਂ ਦਾ ਇਸ ਬਿਮਾਰੀ ਦਾ ਪਰਿਵਾਰਕ ਇਤਿਹਾਸ **ਨਹੀਂ ਹੁੰਦਾ** ਹੈ।



ਛਾਤੀ ਦੇ ਕੈਂਸਰ ਦੇ ਵਿਕਸਤ ਹੋਣ ਲਈ **ਉਮਰ** ਸਭ ਤੋਂ ਵੱਡਾ ਖਤਰੇ ਵਾਲਾ ਕਾਰਕ ਹੈ।




## ਛਾਤੀਆਂ ਦੀ ਛਾਣਬੀਣ (ਬ੍ਰੈਸਟ ਦੀ ਸਕ੍ਰੀਨਿੰਗ)

- **ਮੁਫ਼ਤ** ਹੈ।
- ਇਸ ਨੂੰ ਲੱਗਭਗ **10 ਮਿੰਟ** ਲਗਦੇ ਹਨ।
- ਕਿਸੇ ਡਾਕਟਰ ਦੀ **ਸਿਫਾਰਸ਼ ਦੀ** ਲੋੜ ਨਹੀਂ ਹੈ।
- **ਔਰਤ ਰੇਡੀਓਗ੍ਰਾਫਰਾਂ** ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ।
- ਇਹ **ਪੂਰੇ ਵਿਕਟੋਰੀਆ ਵਿੱਚ** ਤੁਹਾਡੇ ਨੇੜੇ ਦੇ ਇਕ ਕਲੀਨਿਕ ਵਿਖੇ ਉਪਲਬਧ ਹੈ।

## ਛਾਤੀਆਂ ਦੀ ਛਾਣਬੀਣ (ਬ੍ਰੈਸਟ ਸਕ੍ਰੀਨ) ਕੀ ਹੈ?

ਛਾਤੀ ਦੀ ਛਾਣਬੀਣ (ਮੈਮੋਗਰਾਮ) ਛਾਤੀਆਂ ਦੀ ਐਕਸ-ਰੇ ਤਸਵੀਰ ਹੈ। ਛਾਤੀਆਂ ਦੀਆਂ ਛਾਣਬੀਣਾਂ ਨਾਲ ਅਜਿਹੇ ਕੈਂਸਰ ਦਾ ਪਤਾ ਲਗ ਸਕਦਾ ਹੈ, ਜੋ ਵੇਖਣ ਜਾਂ ਮਹਿਸੂਸ ਕਰਨ ਲਈ ਬਹੁਤ ਛੋਟੇ ਹੋਣ।
ਜਲਦੀ ਪਤਾ ਲਗਾਉਣ ਅਤੇ ਬਿਹਤਰ ਇਲਾਜਾਂ ਦੀ ਬਦੌਲਤ ਅੱਜ ਕੱਲ੍ਹ ਵਧੇਰੇ ਔਰਤਾਂ ਛਾਤੀਆਂ ਦੇ ਕੈਂਸਰ ਤੋਂ ਬਚ ਜਾਂਦੀਆਂ ਹਨ।

## ਕੀ ਮੈਨੂੰ ਛਾਤੀਆਂ ਦੀ ਛਾਣਬੀਣ (ਬ੍ਰੈਸਟ ਸਕ੍ਰੀਨ) ਕਰਵਾਉਣ ਦੀ ਲੋੜ ਹੈ?

ਸ਼ੁਰੂਆਤੀ ਪਤਾ ਲਗਾਉਣ ਨਾਲ ਜਾਨਾਂ ਬਚਦੀਆਂ ਹਨ।

### 50-74 ਸਾਲ ਦੀ ਉਮਰ?

ਤੁਹਾਡੀ ਹਰ ਦੋ ਸਾਲਾਂ ਬਾਅਦ ਛਾਣਬੀਣ ਕੀਤੀ ਜਾਣੀ ਚਾਹੀਦੀ ਹੈ।

### ਆਪਣੇ 40ਵਿਆਂ ਵਿੱਚ ਜਾਂ 75 ਸਾਲ ਤੋਂ ਵੱਧ?

ਇਹ ਪਤਾ ਕਰਨ ਲਈ ਆਪਣੇ ਡਾਕਟਰ ਨਾਲ ਗੱਲ ਕਰੋ ਕਿ ਕੀ ਛਾਤੀਆਂ ਦੀ ਛਾਣਬੀਣ (ਬ੍ਰੈਸਟ ਸਕ੍ਰੀਨ) ਤੁਹਾਡੇ ਵਾਸਤੇ ਸਹੀ ਹੈ।

### 40 ਸਾਲ ਤੋਂ ਘੱਟ ਉਮਰ?

ਛਾਤੀਆਂ ਦੀਆਂ ਛਾਣਬੀਣਾਂ 40 ਸਾਲਾਂ ਤੋਂ ਘੱਟ ਉਮਰ ਦੀਆਂ ਔਰਤਾਂ ਲਈ ਪ੍ਰਭਾਵਸ਼ਾਲੀ ਨਹੀਂ ਹਨ।

## ਛਾਤੀਆਂ ਬਾਰੇ ਸੁਚੇਤ ਰਹੋ

- ਆਪਣੀਆਂ ਛਾਤੀਆਂ ਦੀ ਆਮ ਦਿੱਖ ਅਤੇ ਅਹਿਸਾਸ ਨੂੰ ਜਾਣ ਲਓ। ਜੇ ਤੁਸੀਂ ਕੋਈ ਅਸਧਾਰਣ ਤਬਦੀਲੀਆਂ ਵੇਖਦੇ ਹੋ, ਤਾਂ ਆਪਣੇ ਡਾਕਟਰ ਨੂੰ ਮਿਲੋ।
- ਛਾਤੀਆਂ ਦੇ ਕੈਂਸਰ ਦੇ ਤੁਹਾਡੇ ਖਤਰੇ ਅਤੇ ਛਾਣਬੀਣ ਦੀ ਲੋੜ ਬਾਰੇ ਆਪਣੇ ਡਾਕਟਰ ਨੂੰ ਪੁੱਛੋ।

**breastscreen.org.au ਉੱਤੇ ਬੁੱਕ ਕਰੋ ਜਾਂ 13 20 50 ਨੂੰ ਫੋਨ ਕਰੋ**

